# ਅਖੰਡ ਕੀਰਤਨੀ ਜੱਥਾ, ਟੋਰੰਟੋ (ਕੈਨੇਡਾ)

## Akhand Keertanee Jathaa, Toronto, Ontario, Canada

www.akj.org

ਮਿਤੀ: ਅਕਤੂਬਰ 4, 2015

## ਪ੍ਰੈਸ ਨੋਟ

## ਡੇਰਾ ਝੂਠਾ ਸੌਦਾ ਮੁੱਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ ਕਰਨ ਦਾ ਫ਼ੈਸਲਾ ਸਰਾਸਰ ਗਲਤ

ਡੇਰਾ ਝੂਠਾ ਸੌਦਾ ਮੁੱਖੀ ਗੁਰਮੀਤ ਰਾਮ ਰਹੀਮ ਦੇ ਕਥਿੱਤ ਮਾਫੀ ਨਾਮੇ ਤੇ ਪੰਜਾਂ ਤਖਤਾਂ ਦੇ ਜਥੇਦਾਰਾਂ ਵਲੋਂ ਇਸ ਨੂੰ ਮਾਫ ਕੀਤੇ ਗਏ ਫੈਸਲੇ ਸਬੰਧੀ ਵਿਚਾਰ ਕਰਨ ਲਈ ਅਖੰਡ ਕੀਰਤਨੀ ਜੱਥਾ ਟੋਰੰਟੋ ਦੀ ਇੱਕ ਗੰਭੀਰ ਇਕੱਤਰਤਾ ਟੋਰੰਟੋ ਵਿੱਖੇ ਹੋਈ। ਜਿਸ ਵਿੱਚ ਸਰਬ ਸੰਮਤੀ ਨਾਲ ਸੰਗਤਾਂ ਦੀ ਵਿਚਾਰ ਹੋਈ ਕਿ:-

੧. ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਾਕੀ ਤਖ਼ਤ ਸਹਿਬਾਨ ਦੇ ਜਥੇਦਾਰਾਂ ਵੱਲੋਂ ਝੂਠੇ ਸੋਦਾ ਮੁਖੀ ਨੂੰ ਮਾਫ ਕਰਨ ਦਾ ਫੈਸਲਾ ਆਪ ਹੁਦਰਾ ਤੇ ਗੁਰਮਤਿ ਰਹੁਰੀਤਾਂ ਦੇ ਬਿਲਕੁਲ ਉਲਟ ਹੈ। ਇਹ ਫੈਸਲਾ ਪੂਰੀ ਤਰਾਂ ਸਿਆਸੀ ਦਬਾਅ ਹੇਠ ਅਤੇ ਆਪਣੇ ਅਹੁਦਿਆਂ ਤੇ ਟਿਕੇ ਰਹਿਣ ਲਈ ਕੀਤਾ ਗਿਆ ਹੈ। ਇਸ ਤੋਂ ਸਾਫ ਜਾਹਿਰ ਹੈ ਕਿ ਇਹਨਾਂ ਜਥੇਦਾਰਾਂ ਦੇ ਅੰਦਰ ਗੁਰੂ ਸਾਹਿਬ ਜੀ ਦਾ ਇੱਕ ਤਿਲ ਮਾਤਰ ਵੀ ਡਰ ਭੈ ਨਹੀਂ ਰਿਹਾ।

੨. ਇਸ ਤਰਾਂ ਦੀ ਭੈ ਰਹਿਤ ਸੋਚ ਦੇ ਮਾਲਕ ਤੇ ਸਿਆਸੀ ਕਠਪੁਤਲੀਆਂ ਰੂਪੀ ਜਥੇਦਾਰਾਂ ਨੂੰ ਪੰਥ ਦੇ ਇਹਨਾਂ ਉੱਚੇ ਸੁੱਚੇ ਅਹੁਦਿਆਂ ਤੇ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ।

੩. ਸੌਦਾ ਸਾਧ ਨੂੰ ਮਾਫ ਕਰਕੇ ਇਹਨਾਂ ਪੰਜਾਂ ਨੇ ਉਸ ਦੇ ਸਾਰੇ ਗੁਨਾਹ ਆਪਣੇ ਸਿਰ ਲੈ ਲਏ ਹਨ ਅਤੇ ਸੋਦਾ ਸਾਧ ਕੇਸ ਵਿੱਚ ਸ਼ਹੀਦ ਹੋਏ ਭਾਈ ਕਮਲਜੀਤ ਸਿੰਘ, ਭਾਈ ਬਲਕਾਰ ਸਿੰਘ ਤੇ ਭਾਈ ਹਰਮਿੰਦਰ ਸਿੰਘ ਦੀਆਂ ਸ਼ਹੀਦੀਆਂ ਨਾਲ ਸਰਾਸਰ ਗਦਾਰੀ ਕੀਤੀ ਹੈ।

੪. ਅਖੰਡ ਕੀਰਤਨੀ ਜੱਥਾ ਟੋਰੰਟੋ ਇਸ ਅਖੌਤੀ ਫੈਸਲੇ ਨੂੰ ਪੂਰਨ ਤੌਰ ਤੇ ਰੱਦ ਕਰਦਾ ਹੈ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਹੈ ਕਿ ਜਦੋਂ ਤੱਕ ਇਹ ਜਥੇਦਾਰ ਇਸ ਝੂਠੇ ਸਾਧ ਬਾਰੇ ਜਾਰੀ ਕੀਤਾ ਸਿਆਸੀ ਹੁਕਮਨਾਮਾ ਵਾਪਸ ਨਹੀਂ ਲੈਂਦੇ ਇਹਨਾਂ ਦਾ ਅਤੇ ਇਹਨਾਂ ਦੇ ਸਹਿਯੋਗੀਆਂ ਦਾ ਪੂਰਨ ਤੌਰ ਦੇ ਬਾਈਕਾਟ ਕੀਤਾ ਜਾਵੇ।

ਦਾਸਰਾ,

ਜਸਦੀਪ ਸਿੰਘ
ਬੁਲਾਰਾ, ਅਖੰਡ ਕੀਰਤਨੀ ਜੱਥਾ, ਟੋਰੰਟੋ (ਕੈਨੇਡਾ)
416-500-0610
toronto@akj.org